# ਦਫਤਰ ਜ਼ਿਲ੍ਹਾ ਮੈਜਿਸਟਰੇਟ, ਅੰਮ੍ਰਿਤਸਰ।

ਹੁਕਮ:- ਜ਼ਿਲ੍ਹਾ ਅੰਮ੍ਰਿਤਸਰ ਵਿਖੇ ਸਥਿਤ ਸਬਜ਼ੀ ਮੰਡੀ, ਵੱਲਾ ਵਿੱਚ ਭੀੜ ਨੂੰ ਕੰਟਰੋਲ ਕਰਨ ਸਬੰਧੀ।

ਜਿਵੇ ਕਿ ਸਾਰਿਆਂ ਨੂੰ ਪਤਾ ਹੈ ਕਿ ਇਸ ਸਮੇਂ ਸਾਰੀ ਦੁਨੀਆਂ ਵਿੱਚ ਕੋਵਿਡ-19 ਨਾਂ ਦੀ ਭਿਆਨਕ ਮਹਾਂਮਾਰੀ ਫੈਲੀ ਹੋਈ ਹੈ ਜਿਸ ਨੂੰ ਰੋਕਣ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਮਾਜਿਕ ਦੂਰੀ ਬਣਾਏ ਰੱਖਣ ਲਈ ਸਮੇਂ-ਸਮੇਂ ਤੇ ਕਈ ਤਰ੍ਹਾਂ ਦੇ ਹੁਕਮ/ਹਦਾਇਤਾਂ ਜਾਰੀ ਕੀਤੀਆਂ ਜਾ ਰਹੀਆਂ ਹਨ। ਪਰੰਤੂ ਫਿਰ ਵੀ ਦੇਖਣ ਵਿੱਚ ਆਇਆ ਹੈ ਕਿ ਸਬਜ਼ੀ ਮੰਡੀ, ਵੱਲਾ ਵਿਖੇ ਇਨ੍ਹਾਂ ਹੁਕਮਾਂ ਦੀ ਪਾਲਣਾਂ ਲੋਕਾਂ ਵੱਲੋਂ ਪੂਰਨ ਤੌਰ ਤੇ ਨਹੀ ਕੀਤੀ ਜਾ ਰਹੀ ਅਤੇ ਇਥੇ ਆਮ ਤੌਰ ਤੇ ਕਾਫੀ ਜ਼ਿਆਦਾ ਭੀੜ ਇੱਕਠੀ ਹੋ ਰਹੀ ਹੈ। ਇਸ ਕਰਕੇ The Epidemic Disease Act 1987 ਦੀ ਕੋਵਿਡ-19 ਨਾਲ ਸਬੰਧਤ ਰੈਗੂਲੇਸ਼ਨ ਮਿਤੀ 05/03/2020 ਦੀ ਧਾਰਾ 12 ਅਤੇ 13 ਦੇ ਅੰਤਰਗਤ ਜ਼ਿਲ੍ਹਾ ਮੈਜਿਸਟਰੇਟ, ਅੰਮ੍ਰਿਤਸਰ ਨਿਮਨ ਅਨੁਸਾਰ ਹੁਕਮ ਕਰਦਾ ਹਾਂ :-

1. ਮੰਡੀ ਦੇ ਆੜਤੀਏ ਹਰ ਵਕਤ ਆਪਣਾ ਆਈ.ਡੀ. ਕਾਰਡ ਲੈਨਯਡ (Lanyard) ਵਿੱਚ ਪਾ ਕੇ ਗਲੇ ਵਿੱਚ ਪਹਿਣ ਕੇ ਰੱਖਣਗੇ। ਇਸ ਹੁਕਮ ਦੀ ਪਾਲਣਾਂ ਕਰਵਾਉਣਾ ਸਕੱਤਰ, ਮੰਡੀ ਕਮੇਟੀ ਦੀ ਨਿੱਜੀ ਜ਼ਿੰਮੇਵਾਰੀ ਹੋਵੇਗੀ ਅਤੇ ਪੁਲਿਸ ਵੱਲੋਂ ਪੂਰਾ ਸਹਿਯੋਗ ਦਿੱਤਾ ਜਾਵੇਗਾ।
2. ਕਿਸਾਨ ਆਪਣੀ ਫਸਲ ਕੇਵਲ ਆੜਤੀ ਜਾਂ ਹੋਲਸੇਲਰ ਨੂੰ ਹੀ ਵੇਚ ਸਕਣਗੇ ਅਤੇ ਇਹ ਆੜਤੀਏ ਪਾਸ ਧਾਰਕ ਰਿਟੇਲਰ ਨੂੰ ਹੀ ਆਪਣਾ ਸਮਾਨ ਵੇਚਣਗੇ।
3. ਇਸ ਤੋਂ ਇਲਾਵਾ ਮੰਡੀ ਵਿੱਚ ਕਿਸੇ ਵੀ ਤਰ੍ਹਾਂ ਦੀ ਰਿਟੇਲ ਖਰੀਦ-ਵਿੱਕਰੀ ਦੀ ਪੂਰੀ ਤਰ੍ਹਾਂ ਰੋਕ ਹੋਵੇਗੀ।
4. ਮੰਡੀ ਦੇ ਵਿੱਚ ਜੇਕਰ ਉਪਰੋਕਤ ਤੋਂ ਇਲਾਵਾ ਕਿਸੇ ਵੀ ਤਰ੍ਹਾਂ ਦੀ ਰਿਟੇਲ ਖਰੀਦ ਵਿੱਕਰੀ ਕੀਤੀ ਜਾਂਦੀ ਹੈ ਤਾਂ ਪੁਲਿਸ ਇਹਨਾਂ ਵਿਅਕਤੀਆਂ ਨੂੰ ਇਸ ਜ਼ਿਲ੍ਹੇ ਵਿੱਚ ਕਰਫਿਊ ਦੀ ਉਲੰਘਣਾਂ ਕਰਨ ਵਾਲਿਆਂ ਨੂੰ ਆਰਜ਼ੀ ਤੌਰ ਤੇ ਰੱਖਣ ਲਈ ਨਿਸ਼ਚਿਤ ਥਾਵਾਂ ਤੇ ਪਹੁੰਚਾਉਣਗੇ।

   ਉਕਤ ਮਕਸਦ ਲਈ ਸਕੱਤਰ, ਰਿਜਨਲ ਟਰਾਂਸਪੋਰਟ ਅਥਾਰਟੀ ਮੰਡੀ ਵਿੱਚ ਦੋ ਬਸਾਂ ਮੁਹੱਈਆ ਕਰਵਾਉਣਗੇ ਅਤੇ ਇਹ ਬੱਸਾਂ ਪੁਲਿਸ ਦੇ ਡਿਸਪੋਜ਼ਲ ਤੇ ਉਪਲੱਬਧ ਰਹਿਣਗੀਆਂ।
5. ਸਕੱਤਰ, ਮਾਰਕਿਟ ਕਮੇਟੀ, ਸਬਜ਼ੀ ਮੰਡੀ ਵੱਲਾ, ਮੰਡੀ ਵਿੱਚ ਸਮਾਜਿਕ ਦੂਰੀ ਬਣਾਏ ਰੱਖਣ ਅਤੇ ਨਿਯਮਾਂ ਦੀ ਪਾਲਣਾਂ ਕਰਨ ਲਈ ਲਾਉਡਸਪੀਕਰ ਤੇ ਲਗਾਤਾਰ ਮੁਨਾਦੀ ਕਰਵਾਉਗੇ ਅਤੇ ਮੰਡੀ ਵਿੱਚ ਆਏ ਵਿਅਕਤੀਆਂ ਦੀ ਜਾਣਕਾਰੀ ਲਈ ਜਗ੍ਹਾ-ਜਗ੍ਹਾ ਫਲੈਕਸ ਬੋਰਡ ਅਤੇ ਬੈਨਰ ਲਗਾਉਣਗੇ।
6. ਇਹ ਵੀ ਯਕੀਨੀ ਬਣਾਇਆ ਜਾਵੇ ਕਿ ਥਾਂ ਘੱਟ ਹੋਣ ਤੇ ਮੰਡੀ ਵਿੱਚ ਨਿਸ਼ਾਨ (ਡੱਬੇ) ਬਣਾ ਕੇ ਉਸ ਵਿੱਚ ਹੀ ਵਸਤੂਆਂ ਦੀ ਖਰੀਦ-ਵਿੱਕਰੀ ਕੀਤੀ ਜਾਵੇ।
7. ਪੁਲਿਸ ਇਹ ਯਕੀਨੀ ਬਣਾਏਗੀ ਕਿ ਨਾਕੇ ਤੇ ਕੋਈ ਵੀ ਆਮ ਵਿਅਕਤੀ ਬਿਨ੍ਹਾਂ ਪਾਸ ਦੇ ਨਾਕਾ ਪਾਰ ਨਾ ਕਰਨ। ਜੇਕਰ ਚੈਕਿੰਗ ਦੌਰਾਨ ਕੋਈ ਵੀ ਵਿਅਕਤੀ ਬਿਨਾਂ ਪਾਸ ਦੇ ਰਿਟੇਲ ਖਰੀਦ ਜਾ ਵਿੱਕਰੀ ਕਰਦਾ ਹੋਇਆ ਪਾਇਆ ਜਾਂਦਾ ਹੈ ਤਾਂ ਨਾਕੇ ਤੇ ਲੱਗੀ ਪੁਲਿਸ ਟੀਮ ਦੀ ਨਿੱਜੀ ਜ਼ਿੰਮੇਵਾਰੀ ਹੋਵੇਗੀ।
8. ਪੁਲਿਸ ਵੱਲੋਂ ਮੰਡੀ ਵਿੱਚ ਲੱਗੀ ਕੰਡਿਆਲੀ ਤਾਰਾਂ (fencing) ਦੀ ਨਿਗਰਾਨੀ ਅਤੇ ਉਸ ਪਾਸੇ ਲਗ਼ਾਤਾਰ ਗਸ਼ਤ ਕੀਤੀ ਜਾਵੇਗੀ ਅਤੇ ਇਹ ਯਕੀਨੀ ਬਣਾਇਆ ਜਾਵੇਗਾ ਕਿ ਆਮ ਨਾਗਰਿਕਾਂ ਵੱਲੋਂ ਸਿੱਧੀ ਖਰੀਦ-ਵਿੱਕਰੀ ਲਈ ਮੰਡੀ ਅੰਦਰ ਨਹੀਂ ਆਇਆ ਜਾ ਸਕੇ।

ਇਹ ਹੁਕਮ ਤੁੰਰਤ ਲਾਗੂ ਹੋਵਗੇ।

ਜਿਲ੍ਹਾ ਮੈਜਿਸਟਰੇਟ,
ਅੰਮ੍ਰਿਤਸਰ।

Scanned with CamScanner

ਪਿੱਠ ਅੰਕਣ ਨੰਬਰ. COVID/ 756 - 764 ਮਿਤੀ: 26-4-2020

ਇਸ ਦਾ ਉਤਾਰਾ:-

1) ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ ਜੀ ਨੂੰ ਸੂਚਨਾ ਹਿੱਤ।
2) ਕਮਿਸ਼ਨਰ ਪੁਲਿਸ, ਅੰਮ੍ਰਿਤਸਰ,
3) ਸੀਨੀਅਰ ਪੁਲਿਸ ਕਪਤਾਨ, ਅੰਮ੍ਰਿਤਸਰ,
4) ਕਮਿਸ਼ਨਰ, ਨਗਰ ਨਿਗਮ, ਅੰਮ੍ਰਿਤਸਰ,
5) ਉਪ ਮੰਡਲ ਮੈਜਿਸਟ੍ਰੇਟ ਅੰਮ੍ਰਿਤਸਰ-1,
6) ਸਕੱਤਰ, ਰਿਜਨਲ ਟਰਾਂਸਪੋਰਟ ਅਥਾਰਟੀ, ਅੰਮ੍ਰਿਤਸਰ,
7) ਜਿਲ੍ਹਾ ਮੰਡੀ ਅਫ਼ਸਰ, ਅੰਮ੍ਰਿਤਸਰ,
8) ਮੁੱਖ ਖੇਤੀਬਾੜੀ ਅਫ਼ਸਰ, ਅੰਮ੍ਰਿਤਸਰ,
9) ਜ਼ਿਲ੍ਹਾ ਲੋਕ ਸੰਪਰਕ ਅਫਸਰ, ਅੰਮ੍ਰਿਤਿਸਰ,

ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਉਕਤ ਹੁਕਮਾਂ ਦੀ ਪਾਲਣਾਂ ਯਕੀਨੀ ਬਣਾਈ ਜਾਵੇ ਅਤੇ ਸੰਬੰਧਤ ਵਿਅਕਤੀਆਂ ਨੂੰ ਸੂਚਿਤ ਕੀਤਾ ਜਾਵੇ,

ਜਿਲ੍ਹਾ ਮੈਜਿਸਟਰੇਟ,
ਅੰਮ੍ਰਿਤਸਰ।

Scanned with CamScanner